# ਰਜਿਸਟ੍ਰੇਸ਼ਨ ਬਰਾਂਚ

ਵਿਸ਼ਾ : **ਅਕਾਦਮਿਕ ਸੈਸ਼ਨ 2023-24 ਦੌਰਾਨ ਪਾਤਰਤਾ ਫਾਰਮ(Eligibility form) ਅਤੇ ਮਾਈਗਰੇਸ਼ਨ ਸਰਟੀਫਿਕੇਟ ਜਮ੍ਹਾਂ ਕਰਵਾਉਣ ਲਈ ਨਾਰਮਲ ਅਤੇ ਲੇਟ ਫੀਸ ਨਾਲ, ਮਿਤੀਆਂ ਨਿਰਧਾਰਤ ਕਰਨ ਬਾਰੇ ।**

ਜਿਹੜੇ ਵਿਦਿਆਰਥੀ ਆਪਣੀ ਲੋਅਰ ਕਲਾਸ ਪੰਜਾਬ ਦੀਆਂ ਪ੍ਰਾਈਵੇਟ ਯੂਨੀਵਰਸਿਟੀਆਂ, ਪੰਜਾਬ ਟੈਕਨੀਕਲ ਯੂਨੀਵਰਸਿਟੀ **(Distance/Lateral Entry Case only)**, ਪੰਜਾਬ ਸਟੇਟ ਟੈਕਨੀਕਲ ਬੋਰਡ ਅਤੇ ਪੰਜਾਬ ਤੋਂ ਬਾਹਰਲੀਆਂ ਯੂਨੀਵਰਸਿਟੀਆਂ/ਬੋਰਡਜ਼ ਅਤੇ **Autonomous** ਕਾਲਜਾਂ ਤੋਂ ਪਾਸ ਕਰਨ ਉਪਰੰਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵਿਭਾਗਾਂ ਅਤੇ ਸਬੰਧਤ ਕਾਲਜਾਂ/ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ/ **ODL mode** ਅਧੀਨ ਐਸੋਸੀਏਟ ਸੰਸਥਾਵਾਂ ਵਿਚ ਰੈਗੂਲਰ ਦਾਖਲਾ ਲੈਂਦੇ ਹਨ, ਉਹਨਾਂ ਵਲੋਂ ਆਪਣੇ ਲੋਅਰ ਕਲਾਸ ਦੇ ਸਰਟੀਫਿਕੇਟ ਜਮ੍ਹਾਂ ਕਰਵਾਉਣ ਸਮੇਂ ਪਾਤਰਤਾ ਫਾਰਮ ਭਰਿਆ ਜਾਂਦਾ ਹੈ । ਇਹਨਾਂ ਵਿਦਿਆਰਥੀਆਂ ਦੀ ਪਾਤਰਤਾ ਚੈੱਕ ਕਰਨ ਵਾਸਤੇ ਵਿਭਾਗਾਂ/ਕਾਲਜਾਂ/ਸੰਸਥਾਵਾਂ ਵਲੋਂ ਪਾਤਰਤਾ ਫਾਰਮ ਦੇ ਨਾਲ ਮਾਈਗਰੇਸ਼ਨ ਸਰਟੀਫਿਕੇਟ ਜਮ੍ਹਾਂ ਕਰਾਉਣ ਲਈ ਨਾਰਮਲ ਫੀਸ ਅਤੇ ਲੇਟ ਫੀਸ ਦੀਆਂ ਤਰੀਕਾਂ ਨਿਰਧਾਰਤ ਕੀਤੀਆਂ ਜਾਂਦੀਆਂ ਹਨ ਅਤੇ ਇਸ ਸਬੰਧੀ ਵਿਭਾਗਾਂ/ਕਾਲਜਾਂ/ ਸੰਸਥਾਵਾਂ ਨੂੰ ਇਕ ਸਰਕੂਲਰ ਜਾਰੀ ਕੀਤਾ ਜਾਂਦਾ ਹੈ । ਇਸ ਮੰਤਵ ਲਈ ਸਮੂਹ ਆਰਟਸ, ਸਾਇੰਸ, ਸ਼ੋਸ਼ਲ ਸਾਇੰਸਜ਼ ਕਾਲਜਾਂ, ਐਗਰੀਕਲਚਰ ਕਾਲਜਾਂ, ਯੂਨੀਵਰਸਿਟੀ ਕਾਲਜਾਂ, ਲਾਅ ਕਾਲਜਾਂ ਅਤੇ ਵੱਖ-ਵੱਖ ਕਾਂਸਟੀਚਿਊਟ ਕਾਲਜਾਂ ਲਈ ਪਾਤਰਤਾ ਫਾਰਮ ਅਤੇ ਮਾਈਗਰੇਸ਼ਨ ਸਰਟੀਫਿਕੇਟ ਨਾਰਮਲ ਫੀਸ ਅਤੇ ਲੇਟ ਫੀਸ ਨਾਲ ਜਮ੍ਹਾਂ ਕਰਵਾਉਣ ਵਾਸਤੇ ਹੇਠ ਲਿਖੇ ਅਨੁਸਾਰ ਸ਼ਡਿਊਲ ਤਜਵੀਜ਼ ਕੀਤਾ ਜਾਂਦਾ ਹੈ :

(ੳ) ਪਾਤਰਤਾ ਫਾਰਮ**(Eligibility form)** ਜਮ੍ਹਾਂ ਕਰਵਾਉਣ ਲਈ ਸ਼ਡਿਊਲ

| | |
|---|---|
| ਬਿਨਾਂ ਲੇਟ ਫੀਸ | **13-09-2023** ਤੱਕ |
| 500/-ਰੁ: ਲੇਟ ਫੀਸ ਨਾਲ* | **14-09-2023** ਤੋ **28-09-2023** |
| 1000/-ਰੁ: ਲੇਟ ਫੀਸ ਨਾਲ* | **29-09-2023** ਤੋ **09-10-2023** |
| 2000/-ਰੁ: ਲੇਟ ਫੀਸ ਨਾਲ* | **10-10-2023** ਤੋ **19-10-2023** |
| 3000/-ਰੁ: ਲੇਟ ਫੀਸ ਨਾਲ + 500 ਪ੍ਰਤੀ ਮਹੀਨਾ* (ਰਜਿਸਟਰਾਰ ਜੀ ਦੀ ਪ੍ਰਵਾਨਗੀ ਨਾਲ) | **20-10-2023** ਤੋ ਬਾਅਦ |

*** (with GST fee if applicable)**

(ਅ) ਕੈਪਸਟੀ ਇਨਹਾਂਸਮੈਂਟ ਪ੍ਰੋਗਰਾਮ ਅਧੀਨ ਐਸੋਸੀਏਟ ਸੰਸਥਾਵਾਂ ਵਿਚ ਦਾਖਲ ਹੋਏ ਵਿਦਿਆਰਥੀਆ ਦੇ ਪਾਤਰਤਾ ਫਾਰਮ**(Eligibility form)** ਜਮ੍ਹਾਂ ਕਰਵਾਉਣ ਲਈ ਸ਼ਡਿਊਲ

| | |
|---|---|
| ਬਿਨਾਂ ਲੇਟ ਫੀਸ | **11-10-2023** ਤੱਕ |
| 500/-ਰੁ: ਲੇਟ ਫੀਸ ਨਾਲ* | **12-10-2023** ਤੋ **26-10-2023** |
| 1000/-ਰੁ: ਲੇਟ ਫੀਸ ਨਾਲ* | **27-10-2023** ਤੋ **06-11-2023** |
| 2000/-ਰੁ: ਲੇਟ ਫੀਸ ਨਾਲ* | **07-11-2023** ਤੋ **16-11-2023** |
| 3000/-ਰੁ: ਲੇਟ ਫੀਸ ਨਾਲ + 500 ਪ੍ਰਤੀ ਮਹੀਨਾ* (ਰਜਿਸਟਰਾਰ ਜੀ ਦੀ ਪ੍ਰਵਾਨਗੀ ਨਾਲ) | **17-11-2023** ਤੋ ਬਾਅਦ |

*** (with GST fee if applicable)**

(ੲ) ਮਾਈਗਰੇਸ਼ਨ ਸਰਟੀਫਿਕੇਟ ਜਮ੍ਹਾਂ ਕਰਾਉਣ ਦੀਆਂ ਮਿਤੀਆਂ :

| | |
|---|---|
| ਬਿਨਾਂ ਲੇਟ ਫੀਸ | ਦਾਖਲਾ ਮਿਤੀ ਤੋ ਇਕ ਮਹੀਨੇ ਤੱਕ, (ਇਕ ਮਹੀਨੇ ਤੋ ਬਾਅਦ ਮਾਈਗਰੇਸ਼ਨ ਸਰਟੀਫਿਕੇਟ, ਸਿੰਡੀਕੇਟ ਦੀ ਇੱਕਤਰਤਾ ਮਿਤੀ 28-11-2019 ਦੇ ਮੱਦ ਨੰਬਰ 1.1(2) ਦੇ ਫੈਸਲੇ ਮੁਤਾਬਕ ਨਿਰਧਾਰਤ ਕੀਤੀ ਗਈ ਲੇਟ ਫੀਸ ਨਾਲ ਪ੍ਰਵਾਨ ਕੀਤਾ ਜਾਵੇਗਾ ।) |